SW SOUTHWESTERN Public Health
Oxford • Elgin • St.Thomas

**St. Thomas Site**
1230 Talbot Street
St. Thomas N5P 1G9
519-631-9900

**Woodstock Site**
410 Buller Street
Woodstock N4S 4N2
519-421-9901

**1-800-922-0096 | www.swpublichealth.ca**

# ਆਪਰੇਟਰਾਂ ਲਈ ਮਾਰਗ-ਦਰਸ਼ਨ: ਚਿਹਰਾ ਪੇਂਟ ਕਰਨਾ

## ਸਿਹਤ ਸੰਬੰਧੀ ਸ਼ੰਕਾ

ਚਿਹਰਾ ਪੇਂਟ ਕਰਨਾ ਗੈਰ-ਸੁਰੱਖਿਅਤ ਚਮੜੀ ਜਾਂ ਲੇਸਦਾਰ ਝਿੱਲੀਆਂ ਰਾਹੀਂ ਲਾਗ ਦਾ ਕਾਰਨ ਬਣ ਸਕਦਾ ਹੈ। ਇਹ ਖੁੱਲ੍ਹੀ ਸਾਈਟ 'ਤੇ ਬਿਮਾਰੀ ਪੈਦਾ ਕਰਨ ਵਾਲੇ ਸੂਖਮ ਜੀਵਾਣੂਆਂ ਦੇ ਪ੍ਰਵੇਸ਼ ਦੀ ਆਗਿਆ ਦੇ ਸਕਦਾ ਹੈ। ਲਾਗ ਬੈਕਟੀਰੀਆ, ਉੱਲੀ ਵਾਲੀ ਜਾਂ ਵਾਇਰਲ ਹੋ ਸਕਦੀ ਹੈ। **ਲਾਗ ਦੇ ਸੰਚਾਰ ਦੇ ਵਾਪਰਨ ਲਈ ਤੁਹਾਨੂੰ ਯੰਤਰਾਂ 'ਤੇ ਖੂਨ ਜਾਂ ਸਰੀਰਕ ਦ੍ਰਵ ਨੂੰ ਦੇਖਣ ਦੀ ਲੋੜ ਨਹੀਂ ਹੈ।**

## ਵਿਧਾਨਕ ਲੋੜਾਂ

ਨਿੱਜੀ ਸੇਵਾ ਸੈਟਿੰਗਾਂ (Personal Service Settings - PSS) ਤੋਂ ਲੋੜਿਆ ਜਾਂਦਾ ਹੈ ਕਿ ਉਹ ਓਨਟੈਰੀਓ ਅਧਿਨਿਯਮ 136/18: ਨਿੱਜੀ ਸੇਵਾ ਸੈਟਿੰਗਾਂ ਦੀ ਤਾਮੀਲ ਕਰਦੇ ਹੋਏ ਕਾਰੋਬਾਰ ਚਲਾਉਣ।

ਨਿੱਜੀ ਸੇਵਾ ਸੈਟਿੰਗਾਂ ਦੇ ਆਪਰੇਟਰਾਂ ਅਤੇ ਸਟਾਫ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਬਲਿਕ ਹੈਲਥ ਓਨਟੈਰੀਓ ਵੱਲੋਂ ਬਣਾਈ ਨਿੱਜੀ ਸੇਵਾ ਸੈਟਿੰਗਾਂ ਵਿੱਚ ਲਾਗ ਦੀ ਰੋਕਥਾਮ ਅਤੇ ਕੰਟਰੋਲ ਲਈ ਗਾਈਡ ਦੀ ਸਮੀਖਿਆ ਕਰਨ ਤਾਂ ਜੋ PSS ਵਿੱਚ ਲਾਗਾਂ ਦੀ ਰੋਕਥਾਮ ਅਤੇ ਇਹਨਾਂ ਨੂੰ ਕੰਟਰੋਲ ਕਰਨ ਵਾਲੀਆਂ ਪ੍ਰਥਾਵਾਂ ਬਾਰੇ ਹੋਰ ਜਾਣਿਆ ਜਾ ਸਕੇ ਜੋ ਲਾਗਾਂ ਫੈਲਣ ਦੇ ਜੋਖ਼ਮ ਨੂੰ ਘੱਟ ਕਰਦੀਆਂ ਹਨ।

## ਆਪਰੇਟਰ ਦੀ ਸਿਹਤ ਅਤੇ ਸੁਰੱਖਿਆ

- ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ ਹੱਥ ਧੋਵੋ। ਜੇਕਰ ਹੱਥ ਦੇਖਣ ਨੂੰ ਗੰਦੇ ਨਹੀਂ ਜਾਪਦੇ ਤਾਂ ਹੱਥ ਧੋਣ ਦੀ ਬਜਾਏ ਅਲਕੋਹਲ-ਆਧਾਰਿਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕੀਤੀ ਜਾ ਸਕਦੀ ਹੈ ।
- ਸੇਵਾ ਦੌਰਾਨ ਖਾਣਾ, ਪੀਣਾ ਜਾਂ ਤੰਬਾਕੂਨੋਸ਼ੀ ਨਾ ਕਰੋ।
- ਚੰਗੀ ਨਿੱਜੀ ਸਫਾਈ ਦਾ ਅਭਿਆਸ ਕਰੋ।

## ਚਮੜੀ ਦੀ ਤਿਆਰੀ

- ਉਹਨਾਂ ਗ੍ਰਾਹਕਾਂ ਨੂੰ ਸੇਵਾ ਪ੍ਰਦਾਨ ਨਾ ਕਰੋ ਜਿਨ੍ਹਾਂ ਦੀ ਚਮੜੀ 'ਤੇ ਕੰਮ ਕੀਤੇ ਜਾ ਰਹੇ ਖੇਤਰ ਦੇ 6 ਇੰਚ ਦੇ ਅੰਦਰ ਕੱਟ, ਜ਼ਖ਼ਮ, ਧੱਫੜ ਜਾਂ ਦਿਖਾਈ ਦੇਣ ਵਾਲੀਆਂ ਚਮੜੀ ਦੀਆਂ ਲਾਗਾਂ ਹਨ।
- ਸਰਵਿਸ ਤੋਂ ਪਹਿਲਾਂ ਗਾਹਕ ਦੀ ਚਮੜੀ ਸਾਫ਼ ਹੋਣੀ ਚਾਹੀਦੀ ਹੈ।

## ਯੰਤਰ ਅਤੇ ਸਾਜ਼ੋ-ਸਮਾਨ

- ਡਬਲ ਡਿਪਿੰਗ ਦੀ ਇਜਾਜ਼ਤ **ਨਹੀਂ** ਹੈ ਭਾਵ ਕਿਸੇ ਐਪਲੀਕੇਟਰ ਨਾਲ ਗਾਹਕ ਨੂੰ ਛੂਹਣਾ ਅਤੇ ਫਿਰ ਹੋਰ ਉਤਪਾਦ ਪ੍ਰਾਪਤ ਕਰਨ ਲਈ ਉਸੇ ਐਪਲੀਕੇਟਰ ਦੀ ਵਰਤੋਂ ਕਰਨਾ। ਹੇਠ ਲਿਖੇ ਤਰੀਕਿਆਂ ਦੀ ਇਜਾਜ਼ਤ ਹੈ:
    - ਜਿੱਥੇ ਉਤਪਾਦ ਨੂੰ ਨਪੀੜਿਆ ਜਾ ਸਕਦਾ ਹੈ ਜਾਂ ਪੰਪ ਕਰਕੇ ਬਾਹਰ ਕੱਢਿਆ ਜਾ ਸਕਦਾ ਹੈ ਓਥੇ ਕੰਟੇਨਰਾਂ ਦੀ ਵਰਤੋਂ ਕਰੋ।
    - ਉਤਪਾਦ ਹਾਸਲ ਕਰਨ ਵੇਲੇ ਐਪਲੀਕੇਟਰਾਂ ਦੀ ਵਰਤੋਂ ਕਰੋ।
    - ਇੱਕ ਵਾਰ ਵਰਤੋਂ ਵਾਲੇ ਕੰਟੇਨਰਾਂ ਦੀ ਵਰਤੋਂ ਕਰੋ।
- ਹਰੇਕ ਗਾਹਕ ਲਈ ਲੋੜੀਂਦੇ ਪੇਂਟ ਨੂੰ ਕਿਸੇ ਇਕਹਰੀ ਵਰਤੋਂ ਵਾਲੀ ਆਈਟਮ ਜਿਵੇਂ ਕਿ ਪੇਪਰ ਪਲੇਟ ਉੱਤੇ ਪਾਓ ਜਿਸਨੂੰ ਹਰੇਕ ਗਾਹਕ ਤੋਂ ਬਾਅਦ ਸੁੱਟ ਦਿੱਤਾ ਜਾਂਦਾ ਹੈ।
- ਮੁੜ ਵਰਤੋਂ ਚਿਹਰਾ ਪੇਂਟ ਕਰਨ ਵਾਲੇ ਬੁਰਸ਼ਾਂ ਨੂੰ ਵਰਤੋਂ ਦੇ ਵਿਚਕਾਰ ਸਾਫ਼ ਅਤੇ ਕੀਟਾਣੂੰ-ਮੁਕਤ ਕੀਤਾ ਜਾਵੇ। ਬੁਰਸ਼ਾਂ ਨੂੰ ਲਾਜ਼ਮੀ ਤੌਰ 'ਤੇ ਮੱਧਵਰਤੀ ਪੱਧਰ ਦੇ ਕੀਟਾਣੂੰਨਾਸ਼ਕ ਵਿੱਚ ਡੁਬੋਇਆ ਜਾਣਾ ਚਾਹੀਦਾ ਹੈ।
- ਚਿਹਰਾ ਪੇਂਟ ਕਰਨ ਵਾਲੀਆਂ ਸਪੰਜਾਂ ਨੂੰ ਹਰੇਕ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਸੁੱਟ ਦੇਣਾ ਚਾਹੀਦਾ ਹੈ ਕਿਉਂਕਿ ਇਹਨਾਂ ਨੂੰ ਸਿਰਫ਼ ਇੱਕ ਵਾਰ ਵਰਤਣਯੋਗ ਸਮਝਿਆ ਜਾਂਦਾ ਹੈ ਅਤੇ ਉਚਿਤ ਤਰੀਕੇ ਨਾਲ ਸਾਫ਼ ਅਤੇ ਕੀਟਾਣੂੰਮੁਕਤ ਨਹੀਂ ਕੀਤਾ ਜਾ ਸਕਦਾ।

- ਸਾਰੇ ਮੁੜ ਵਰਤੋਂ ਯੋਗ ਚਿਹਰਾ ਪੇਂਟ ਕਰਨ ਵਾਲੇ ਸਾਜ਼ੋ-ਸਮਾਨ ਅਤੇ ਪੈਲੇਟਾਂ ਨੂੰ ਇੱਕ ਸਾਫ਼, ਕਵਰ ਕੀਤੇ, ਗੈਰ-ਜਜ਼ਬ ਕਰਨ ਵਾਲੇ ਕੰਟੇਨਰ ਵਿੱਚ ਸਟੋਰ ਕੀਤਾ ਜਾਣਾ ਚਾਹੀਦਾ ਹੈ ਜਦੋਂ ਇਹ ਵਰਤੋਂ ਵਿੱਚ ਨਾ ਹੋਣ ਤਾਂ ਜੋ ਦੂਸ਼ਿਤਤਾ ਤੋਂ ਬਚਿਆ ਜਾ ਸਕੇ।
- ਪੇਂਟ, ਸਿਆਹੀਆਂ, ਗਲਿਟਰ ਅਤੇ ਹਾਰ-ਸ਼ਿੰਗਾਰ ਦੇ ਉਤਪਾਦ ਲਾਜ਼ਮੀ ਤੌਰ 'ਤੇ ਮਨੁੱਖੀ ਚਮੜੀ ਉੱਤੇ ਵਰਤੋਂ ਵਾਸਤੇ ਸੁਰੱਖਿਅਤ ਹੋਣੇ ਚਾਹੀਦੇ ਹਨ।

## ਸਾਫ਼ ਸਫਾਈ ਕਰਨਾ ਅਤੇ ਕੀਟਾਣੂੰ ਰਹਿਤ ਕਰਨਾ

### ਸਫ਼ਾਈ

- ਸਾਰੇ ਯੰਤਰਾਂ, ਸਾਜ਼ੋ-ਸਮਾਨ ਅਤੇ ਸਤਹਾਂ ਜਿਨ੍ਹਾਂ ਨੂੰ ਸਾਫ਼-ਸਫ਼ਾਈ, ਅਤੇ ਕੀਟਾਣੂ-ਮੁਕਤ ਕੀਤੇ ਜਾਣ ਦੀ ਲੋੜ ਹੁੰਦੀ ਹੈ, ਨੂੰ ਪਹਿਲਾਂ ਪੂਰੀ ਤਰ੍ਹਾਂ ਵੱਖ ਕੀਤਾ ਜਾਣਾ **ਲਾਜ਼ਮੀ** ਹੈ। ਫਿਰ ਚੀਜ਼ਾਂ ਨੂੰ ਸਾਬਣ ਜਾਂ ਡਿਟਰਜੈਂਟ ਨਾਲ ਗਰਮ ਪਾਣੀ ਵਿੱਚ ਸਾਫ਼ ਕਰਨਾ ਲਾਜ਼ਮੀ ਹੈ।
- ਲਿਨਨ ਨੂੰ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਧੋਣਾ ਚਾਹੀਦਾ ਹੈ ਅਤੇ ਲੋੜੀਂਦੀ ਸਪਲਾਈ ਉਪਲਬਧ ਹੋਣੀ ਚਾਹੀਦੀ ਹੈ।
- ਕੰਧਾਂ, ਫਰਸ਼ਾਂ, ਅੰਦਰੂਨੀ ਛੱਤਾਂ ਅਤੇ ਸਤਹਾਂ ਦੀ ਨਿਯਮਤ ਸਫਾਈ ਬਣਾਈ ਰੱਖੀ ਜਾਣੀ ਹੈ।

### ਕੀਟਾਣੂੰਨਾਸ਼ਕਤਾ

ਸਾਰੇ ਕੀਟਾਣੂਨਾਸ਼ਕ ਰੋਜ਼ਾਨਾ ਜਾਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਤਾਜ਼ੇ ਬਣਾਏ ਜਾਣੇ ਲਾਜ਼ਮੀ ਹਨ। ਸਾਰੇ ਕੀਟਾਣੂਨਾਸ਼ਕਾਂ ਦਾ ਹੈਲਥ ਕੈਨੇਡਾ ਦੁਆਰਾ ਜਾਰੀ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (NPN) ਹੋਣਾ ਲਾਜ਼ਮੀ ਹੈ।

| ਪੱਧਰ | ਵਰਤੋਂ ਕਦੋਂ ਕਰਨੀ ਹੈ | ਉਦਾਹਰਨਾਂ |
|---|---|---|
| ਨਿਮਨ ਪੱਧਰੀ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਗਾਹਕ ਨਾਲ ਸਿੱਧੇ ਤੌਰ 'ਤੇ ਸੰਪਰਕ ਨਹੀਂ ਕਰਦੀਆਂ ਜਾਂ ਸਿਰਫ਼ ਵਾਲਾਂ ਜਾਂ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਦੀਆਂ ਹਨ। | • ਉੱਚ ਛੂਹਣ ਵਾਲੀਆਂ ਸਤਹਾਂ ਜਿਵੇਂ ਕੁਰਸੀਆਂ, ਮੇਜ਼, ਸਿੰਕ<br>• ਪੇਂਟ ਪੈਲੇਟ |
| ਮੱਧਵਰਤੀ ਪੱਧਰ | ਸਾਜ਼-ਸਾਮਾਨ, ਯੰਤਰ, ਜਾਂ ਵਸਤੂਆਂ ਜੋ ਸਿਰਫ਼ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਨ ਦੇ ਇਰਾਦੇ ਨਾਲ ਬਣਾਈਆਂ ਹੁੰਦੀਆਂ ਹਨ, ਪਰ ਇਹ ਗਲਤੀ ਨਾਲ ਗੈਰ-ਸਹੀ-ਸਲਾਮਤ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿੱਚ ਆ ਸਕਦੀਆਂ ਹਨ ਜਾਂ ਚਮੜੀ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। | • ਉਹ ਸਾਜ਼ੋ-ਸਮਾਨ ਜੋ ਸੁਰੱਖਿਅਤ ਚਮੜੀ ਦੇ ਸੰਪਰਕ ਵਿੱਚ ਆਉਂਦਾ ਹੈ ਜਿਵੇਂ ਕਿ ਚਿਹਰਾ ਪੇਂਟ ਕਰਨ ਵਾਲੇ ਬੁਰਸ਼<br>• ਫੇਸ ਜੈੱਮ (face gems) ਅਤੇ ਸਟਿਕਰ ਲਗਾਉਣ ਵਾਲੀਆਂ ਚਿਮਟੀਆਂ<br>• ਮੁੜ-ਵਰਤਣਯੋਗ ਸਟੈਂਸਿਲ |
| ਉੱਚ ਪੱਧਰ | ਕੋਈ ਵੀ ਸਤ੍ਹਾ, ਸਾਜ਼ੋ-ਸਮਾਨ ਜਾਂ ਸੰਦ ਜੋ ਖ਼ੂਨ ਦੇ ਸੰਪਰਕ ਵਿੱਚ ਆ ਸਕਦੇ ਹਨ। | • ਲਾਗੂ ਨਹੀਂ ਹੁੰਦਾ |

ਪ੍ਰਵਾਨਿਤ ਕੀਟਾਣੂਨਾਸ਼ਕਾਂ ਅਤੇ ਸੰਪਰਕ ਸਮੇਂ ਬਾਰੇ ਜਾਣਕਾਰੀ ਲਈ ਕੀਟਾਣੂੰਨਾਸ਼ਕਤਾ ਚਾਰਟ ਦੇਖੋ।

## ਰਹਿੰਦ-ਖੂੰਹਦ ਦਾ ਨਿਪਟਾਰਾ

- ਖ਼ੂਨ ਅਤੇ/ਜਾਂ ਸਰੀਰਕ ਦ੍ਰਵਾਂ ਵਾਲੇ ਰਹਿੰਦ-ਖੂੰਹਦ ਨੂੰ ਲੀਕ-ਪਰੂਫ ਬੈਗ ਵਿੱਚ ਪਾਕੇ ਸੁੱਟ ਦਿਓ।
- ਵਰਤੋਂ ਤੋਂ ਬਾਅਦ ਇੱਕ ਵਾਰ ਵਰਤੇ ਜਾਣ ਵਾਲੇ ਔਜ਼ਾਰ ਅਤੇ ਸਾਜ਼ੋ-ਸਾਮਾਨ ਨੂੰ ਬਾਹਰ ਸੁੱਟ ਦਿਓ।

## ਰਿਕਾਰਡ ਰੱਖਣਾ

### ਗਾਹਕਾਂ ਦੇ ਰਿਕਾਰਡ

- ਕੋਈ ਨਿੱਜੀ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ, PSS ਆਪਰੇਟਰ ਨੂੰ ਲਾਜ਼ਮੀ ਤੌਰ 'ਤੇ ਗਾਹਕ ਦਾ ਨਾਮ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਨੀ ਅਤੇ ਰਿਕਾਰਡ ਕਰਨੀ ਚਾਹੀਦੀ ਹੈ।

### ਚਾਣਚੱਕ ਖ਼ੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣਾ

- PSS ਨੂੰ ਸਾਰੇ ਚਾਣਚੱਕ ਵਾਪਰੇ ਖੂਨ ਜਾਂ ਸਰੀਰਕ ਦ੍ਰਵ ਨਾਲ ਸੰਪਰਕਾਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਰਿਕਾਰਡਾਂ ਵਿੱਚ ਲਾਜ਼ਮੀ ਤੌਰ 'ਤੇ **ਚਾਣਚੱਕ ਖੂਨ ਦੇ ਸੰਪਰਕ ਵਿੱਚ ਆਉਣ ਦੇ ਲੌਗ (Accidental Blood Exposure Log)** ਵਿੱਚ ਦੱਸੀ ਗਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

**ਰਿਕਾਰਡ ਸਾਂਭਕੇ ਰੱਖਣਾ**

- ਰਿਕਾਰਡਾਂ ਨੂੰ ਲਾਜ਼ਮੀ ਤੌਰ 'ਤੇ ਇੱਕ ਸਾਲ ਲਈ ਸਾਈਟ 'ਤੇ ਰੱਖਿਆ ਜਾਣਾ ਚਾਹੀਦਾ ਹੈ। ਪਹਿਲੇ ਸਾਲ ਤੋਂ ਬਾਅਦ, ਰਿਕਾਰਡਾਂ ਨੂੰ ਲਾਜ਼ਮੀ ਤੌਰ 'ਤੇ ਸਾਂਭਕੇ ਰੱਖਣਾ ਚਾਹੀਦਾ ਹੈ ਅਤੇ ਘੱਟੋ-ਘੱਟ ਦੋ ਸਾਲਾਂ ਲਈ ਸੁਰੱਖਿਅਤ ਥਾਂ 'ਤੇ ਆਸਾਨੀ ਨਾਲ ਉਪਲਬਧ ਹੋਣਾ ਚਾਹੀਦਾ ਹੈ।

## ਕੋਈ ਸਵਾਲ?

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਇਲਾਕੇ ਦੇ ਪਬਲਿਕ ਹੈਲਥ ਇੰਸਪੈਕਟਰ ਨਾਲ 1-800-922-0096 'ਤੇ ਸੰਪਰਕ ਕਰੋ।